This is text of the Video

# Maya Dasi
# Bhagtan Ki Kar Kamavey

by

Brig. Partap Singh Ji Jaspal (Retd.)

available at:

www.SikhVideos.org

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥

Maya Dasi Bhagtan Ki Kar Kamavey

*"ਜਿਸ ਵਕਤ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਹੋਣਗੇ ਤਾਂ ਕਾਲ ਇਕ ਤੁੱਛ ਸੇਵਕ ਦੇ ਤੌਰ ਤੇ ਉਨ੍ਹਾਂ ਦੇ ਚਰਨਾਂ ਵਿਚ ਖੜ੍ਹਾ ਦਿੱਸੇਗਾ।*

*ਜਿਸ ਪ੍ਰਕਾਰ ਬਾਬਾ ਜੀ ਦੇ ਰੋਮ-ਰੋਮ ਵਿਚ ਸਿਮਰਨ ਪ੍ਰਗਟ ਹੈ ਤੇ ਰੋਮ-ਰੋਮ ਵਿਚ ਨਾਮ ਦੀ ਜੋਤ ਜਗਮਗਾ ਰਹੀ ਹੈ, ਉਨ੍ਹਾਂ ਦੇ ਪੂਰੇ ਦਰਸ਼ਨਾਂ ਵਿਚੋਂ ਸਿਮਰਨ ਦੀ ਜੋਤ ਦਾ ਪ੍ਰਕਾਸ਼ ਫੁੱਟ-ਫੁੱਟ ਕੇ ਸੂਰਜ ਦੀਆਂ ਕਿਰਨਾਂ ਵਾਂਗ ਬਾਹਰ ਆ ਰਿਹਾ ਹੋਵੇਗਾ। ਇਹ ਪ੍ਰਕਾਸ਼ ਵੱਡੇ ਤੋਂ ਵੱਡੇ ਤਪੱਸਵੀ ਵੀ ਨਹੀਂ ਜਰ ਸਕਦੇ ਤਾਂ ਇਕ ਸਧਾਰਣ ਮਨੁੱਖ ਕਿਵੇਂ ਬਰਦਾਸ਼ਤ ਕਰ ਲਵੇਗਾ ਕਿਉਂਕਿ ਉਨ੍ਹਾਂ ਦਾ ਪਾਵਨ ਸਰੀਰ ਉਸ ਵੇਲੇ ਨਿਰਾ ਪ੍ਰਕਾਸ਼ ਹੀ ਪ੍ਰਕਾਸ਼ ਅਤੇ ਜੋਤ ਸਰੂਪ ਹੁੰਦਾ ਹੈ, ਜਿਸ ਪ੍ਰਕਾਸ਼ ਅਤੇ ਜੋਤ ਸਰੂਪ ਅੱਗੇ ਲੱਖਾਂ ਕਰੋੜਾਂ ਸੂਰਜਾਂ ਅਤੇ ਚੰਦਰਮਿਆਂ ਦੀ ਰੌਸ਼ਨੀ ਮੱਧਮ ਪੈ ਜਾਂਦੀ ਹੈ।"*

***-ਬਾਬਾ ਨਰਿੰਦਰ ਸਿੰਘ ਜੀ***

# ਮਨ ਨੀਵਾਂ ਮੱਤ ਉੱਚੀ

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਣੀ ਲਾਗੈ ਤਾ ਮਹਲੁ ਪਾਵੈ ॥*
*ਸਦ ਹੀ ਨਿਰਮਲੁ ਸਹਜਿ ਸਮਾਵੈ ॥*

***–ਗੁਰੂ ਅਮਰ ਦਾਸ ਜੀ***

ਪੂਰਨਮਾਸ਼ੀ ਦਾ ਭਰਿਆ ਦੀਵਾਨ ਸੀ। ਬਾਬਾ ਨੰਦ ਸਿੰਘ ਸਾਹਿਬ ਬਚਨ ਕਰ ਰਹੇ ਸਨ। ਪੁੱਛਿਆ ਰੱਬ ਨਾਲੋਂ ਵੀ ਕੋਈ ਵੱਡਾ ਹੈ? ਸਾਰੇ ਚੁੱਪ, ਸ਼ਸ਼ੋਪੰਜ ਦੇ ਵਿੱਚ ਕਿ ਰੱਬ ਨਾਲੋ ਕੌਣ ਵੱਡਾ ਹੋ ਸਕਦਾ ਹੈ ਤਾਂ ਇਕ ਨਿਜੀ ਸੰਗੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ ਨਿਵਾਜ ! ਆਪ ਹੀ ਬਖਸ਼ਿਸ਼ ਕਰੋ। ਬਾਬੇ ਫੁਰਮਾਉਣ ਲੱਗੇ ਕਿ ਜੇਤੂ ਵੱਡਾ ਹੈ ਜਾਂ ਜਿਸ ਨੂੰ ਜਿੱਤ ਲਿਆ ਜਾਵੇ। ਸਾਰੇ ਬੋਲੇ ਕਿ ਜੀ ਜੇਤੂ।

**ਕਹਿਣ ਲੱਗੇ ਨਿਮਰਤਾ ਤੇ ਗਰੀਬੀ ਰੱਬ ਨੂੰ ਵੀ ਜਿੱਤ ਲੈਂਦੀ ਹੈ, ਇਸ ਕਰਕੇ ਨਿਮਰਤਾ ਤੇ ਗਰੀਬੀ ਉਸ ਤੋਂ ਵੀ ਵੱਡੀ ਹੈ।**

ਇਹ ਅੰਮ੍ਰਿਤ ਵੇਲਾ ਸੀ ਜਦੋਂ ਪਿਤਾ ਜੀ ਨੇ ਇਹ ਬਚਨ ਸ਼ੁਰੂ ਕੀਤੇ। ਫੁਰਮਾਉਣ ਲੱਗੇ ਕਿ ਨਿਰੰਕਾਰ ਤਾਂ ਬਿਅੰਤ ਹੈ ਜਿਹੜੀ ਨਿਰੰਕਾਰ ਨੂੰ ਜਿੱਤ ਲੈਂਦੀ ਹੈ ਉਸ ਦਾ ਵੀ ਕੋਈ ਅੰਤ ਹੈ, ਨਿਮਰਤਾ ਤੇ ਗਰੀਬੀ ਦਾ ਵੀ ਕੋਈ ਅੰਤ ਹੈ? ਜੇ ਨਿਰੰਕਾਰ ਦਾ ਅੰਤ ਕੋਈ ਨਹੀਂ ਪਾ ਸਕਦਾ ਤਾਂ ਇਸ ਜੇਤੂ ਦਾ ਅੰਤ ਪਾ ਲਏਗਾ? ਨਿਮਰਤਾ ਤੇ ਗਰੀਬੀ ਤਕ, ਉਸ ਦੀ ਇੰਨਤਹਾ ਤਕ, ਉਸ ਦੀ ਤਹਿ ਤਕ ਪਹੁੰਚਣਾ ਬਹੁਤ ਹੀ ਕਠਿਨ ਹੈ। ਪਿਤਾ ਜੀ ਬਚਨ ਕਰਦੇ ਹੋਏ ਕਹਿਣ ਲੱਗੇ ਕਿ ਮਨ ਵਿੱਚ ਕਿੰਨੀ ਕੁ ਨਿਮਰਤਾ ਤੇ ਗਰੀਬੀ ਹੋਣੀ ਚਾਹੀਦੀ ਹੈ। ਅਰਦਾਸ ਦੇ ਵਿੱਚ, ਮਨ ਨੀਵਾਂ ਮੱਤ ਉੱਚੀ ਕਹਿੰਦੇ ਹਨ ਪਰ ਮਨ ਨੀਵਾਂ ਦਾ ਮਤਲਬ ਕੀ ਹੈ? ਫਿਰ ਆਪ ਹੀ ਕਹਿਣ ਲੱਗੇ ਕਿ,

*ਗੁਰੁ ਪੂਰਾ ਭੇਟਿਓ ਵਡਭਾਗੀ*
*ਮਨਹਿ ਭਇਆ ਪਰਗਾਸਾ ॥*

*ਕੋਇ ਨ ਪਹੁਚਨਹਾਰਾ ਦੂਜਾ*
*ਅਪੁਨੇ ਸਾਹਿਬ ਕਾ ਭਰਵਾਸਾ ॥*

ਜਦੋਂ ਗੁਰੂ ਨਾਨਕ ਪਾਤਸ਼ਾਹ ਤੁੱਠਦੇ ਹਨ, ਜਦੋਂ ਗੁਰੂ ਤੁੱਠਦਾ ਹੈ, ਉਸ ਵੇਲੇ ਇਸ ਮਨ ਨੂੰ ਪ੍ਰਕਾਸ਼ਿਤ ਕਰ ਦਿੰਦਾ ਹੈ। ਜਿਸ ਮਨ ਦੇ ਵਿੱਚ ਗੁਰਮੁੱਖ, ਗੁਰੂ ਨੂੰ ਬੜੇ ਪਿਆਰ ਔਰ ਸਤਿਕਾਰ

ਨਾਲ ਬਿਠਾਈ ਬੈਠਾ ਹੈ, ਪ੍ਰੇਮ ਕਰ ਰਿਹਾ ਹੈ, ਉਹਦੀ ਅਰਾਧਨਾ ਕਰ ਰਿਹਾ ਹੈ, ਉਹਦਾ ਧਿਆਨ ਧਰ ਰਿਹਾ ਹੈ ਕਹਿੰਦੇ ਤੁੱਠਾ ਹੈ ਗੁਰੂ, ਉਸ ਨੇ ਪ੍ਰਕਾਸ਼ ਨਾਲ ਉਹ ਮਨ ਭਰ ਦਿੱਤਾ ਹੈ। ਪਿਤਾ ਜੀ ਕਹਿਣ ਲੱਗੇ ਕਿ ਮਨ ਕਿੰਨਾਂ ਕੁ ਨੀਵਾਂ ਹੋਣਾ ਚਾਹੀਦਾ ਹੈ? ਫੁਰਮਾਇਆ ਕਿ ਤਿੰਨਾਂ ਲੋਕਾਂ ਦਾ ਪ੍ਰਕਾਸ਼ ਪੂਰਾ ਦਾ ਪੂਰਾ ਮਨ ਦੇ ਅੰਦਰ ਹੋਵੇ, **ਤ੍ਰੈ ਭਵਨਾਂ ਦਾ ਪ੍ਰਕਾਸ਼** (**ਗੁਰੂ ਦਾ ਬਖਸ਼ਿਆ ਹੋਇਆ ਪ੍ਰਕਾਸ਼**) **ਮਨ ਦੇ ਅੰਦਰ ਹੋਵੇ** ਔਰ ਕਹਿਣ ਲੱਗੇ ਇਸ ਚੇਹਰੇ ਦੇ ਉੱਤੇ, ਉੱਤੋਂ ਪੂਰਨ ਅੰਧਕਾਰ ਹੋਵੇ, ਉਸ ਦਾ ਮਨ ਨੀਵਾਂ ਹੈ। ਉਸ ਦਾ ਮਨ ਨਿਮਰਤਾ ਤੇ ਗਰੀਬੀ ਵਿੱਚ ਭੀਜਿਆ ਪਿਆ ਹੈ, ਉਹ ਉਸ ਵੇਲੇ ਪੂਰੀ ਗੁਰਮਤਿ ਵਿੱਚ ਹੈ,

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*

ਲੇਸ ਮਾਤਰ ਵੀ ਉਹਦੇ ਅੰਦਰ ਉਸ ਪ੍ਰਕਾਸ਼ ਦਾ ਦਿਖਾਵਾ ਨਹੀਂ ਹੋਵੇਗਾ, ਉਸ ਪ੍ਰਕਾਸ਼ ਦਾ ਇਕ ਲੇਸ ਮਾਤਰ ਵੀ ਉਹਨੂੰ ਮਾਣ ਨਹੀਂ ਹੋਏਗਾ, ਉਹ ਹੈ ਮਨ ਨੀਵਾਂ।

# ਸਤਿਗੁਰੂ ਦੀ ਪ੍ਰਾਪਤੀ

ਪਿਤਾ ਜੀ ਕਹਿਣ ਲੱਗੇ, ਦੇਖੋ ਪੁੱਤ ! ਇਸ ਮਾਇਆ ਦੇ ਸੰਸਾਰ ਦੇ ਵਿੱਚ ਕਿਸੇ ਨੂੰ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਵੱਡੇ ਤੋਂ ਵੱਡੇ ਭਗਤ ਨੂੰ ਇਸ ਮਾਇਆ ਦੇ ਸੰਸਾਰ ਤੋਂ ਬਾਹਰ ਆਉਣਾ ਪੈਂਦਾ ਹੈ ਪ੍ਰਾਪਤੀ ਵਾਸਤੇ, ਕਿਸੇ ਨੂੰ ਅੱਜ ਤਕ ਫੁੱਲਾਂ ਦੀ ਸੇਜ ਤੇ ਪ੍ਰਾਪਤੀ ਨਹੀਂ ਹੋਈ। ਪਿਤਾ ਜੀ ਉਦਾਰਣ ਦਿੰਦੇ ਹੋਏ ਫੁਰਮਾ ਰਹੇ ਹਨ ਕਿ ਭਾਈ ਮਤੀ ਦਾਸ ਜੀ ਆਪਣੇ ਸਤਿਗੁਰੂ ਦੇ ਪ੍ਰੇਮ ਦੇ ਵਿੱਚ ਸ਼ਹਾਦਤ ਦੇ ਰਹੇ ਹਨ ਚਾਂਦਨੀ ਚੌਂਕ, ਦਿੱਲੀ ਵਿੱਚ ਖਲਕਤ ਵਿੱਚ ਪਰਿਵਾਰ ਵੀ ਖੜ੍ਹਾ ਹੈ। ਸਾਧ ਸੰਗਤ ਜੀ, ਉਹ ਪ੍ਰੇਮ ਦੇ ਵਿੱਚ ਉਨ੍ਹਾਂ ਦਾ ਧਿਆਨ ਆਪਣੇ ਪਰਿਵਾਰ ਦੇ ਵੱਲ, ਘਰ ਬਾਰ ਵੱਲ ਇਸ ਪੂਰੇ ਮਾਇਆ ਦੇ ਸੰਸਾਰ ਵੱਲ, ਕਿੱਤੇ ਵੀ ਉਨ੍ਹਾਂ ਦਾ ਧਿਆਨ ਗਿਆ ਹੈ? ਉਹ ਕਿਹੜਾ ਪ੍ਰੇਮ ਹੈ ਜਿਹੜਾ ਇਸ ਮਾਇਆ ਦੇ ਸੰਸਾਰ ਤੋਂ ਬਾਹਰ ਉਹ ਆਪਣੇ ਇਕੱਲੇ ਸਤਿਗੁਰੂ ਨਾਲ ਕਰ ਰਹੇ ਹਨ। ਜਿਹਦੇ ਵਿੱਚ ਮਾਇਆ ਦੇ ਸੰਸਾਰ ਵਿੱਚੋਂ ਪੂਰੇ ਬਾਹਰ ਖੜ੍ਹੇ ਹਨ। ਸਾਧ ਸੰਗਤ ਜੀ, ਉਹ ਪ੍ਰਾਪਤੀ ਕਿਹਦੀ ਹੋ ਰਹੀ ਹੈ?

*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥*

ਸਾਹਿਬ ਸਤਿਗੁਰੂ ਦੀ ਪ੍ਰਾਪਤੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਵਿੱਚ ਪੂਰੇ ਲੀਨ ਹੋ ਕੇ ਉਨ੍ਹਾਂ ਦੇ ਚਰਨਾਂ ਵਿੱਚ ਸਮਾ ਚੁੱਕੇ ਹਨ। ਦੂਜਾ ਉਦਾਰਣ ਦਿੰਦੇ ਹੋਏ ਪਿਤਾ ਜੀ ਕਹਿਣ ਲੱਗੇ,

ਮੇਰੇ ਸਾਹਿਬ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਇਕ ਸੀਸ ਮੰਗਦੇ ਹਨ, 80 ਹਜ਼ਾਰ ਦੀ ਸੰਗਤ ਹੈ ਉੱਠਿਆ ਕੌਣ? ਇਕ ਗਰੀਬੜਾ ਜਿਹਾ ਸਿੱਖ ਹੈ ਉਹ ਪ੍ਰੇਮ ਕਿਸ ਤਰ੍ਹਾਂ ਦਾ ਕਰ ਰਿਹਾ ਹੈ, ਸਾਹਿਬ ਵੱਲ ਤੁਰਿਆ ਜਾ ਰਿਹਾ ਹੈ ਆਪਣੇ ਪਰਮ ਲਕਸ਼ ਵੱਲ, ਆਪਣਾ ਸੀਸ ਭੇਟ ਕਰਨ ਵਾਸਤੇ ਔਰ ਉਹ ਕਿਹੜੇ ਮਾਇਆ ਦੇ ਸੰਸਾਰ ਵਿੱਚੋਂ ਬਾਹਰ ਨਿਕਲ ਕੇ ਇਹ ਸਭ ਕੁਝ ਕਰ ਰਿਹਾ ਹੈ ਉਹ ਵੀ ਸਾਡੇ ਵਰਗਾ ਗ੍ਰਹਿਸਤੀ ਸੀ। ਕੋਈ ਆਪਣੇ ਗ੍ਰਹਿਸਤ ਵੱਲ ਆਪਣੇ ਘਰ ਬਾਹਰ ਵੱਲ, ਇਸ ਮਾਇਆ ਦੇ ਸੰਸਾਰ ਵੱਲ ਉਹ 80 ਹਜ਼ਾਰ ਜਿਹੜਾ ਉੱਥੇ ਬੈਠਾ ਹੈ ਉਨ੍ਹਾ ਵਿੱਚੋਂ ਕਿਸੇ ਵੱਲ ਵੀ ਕੋਈ ਧਿਆਨ ਗਿਆ ਹੋਵੇ। ਉਸ ਪਿਆਰ ਦੇ ਵਿੱਚ, ਉਹ ਪ੍ਰੇਮ ਜਿਹੜਾ ਸਤਿਗੁਰੂ ਨਾਲ ਕਰ ਰਿਹਾ ਹੈ ਉਹ ਮਾਇਆ ਦੇ ਸੰਸਾਰ ਤੋਂ ਪੂਰਨ ਤੋਰ ਤੇ ਨਿਕਲ ਕੇ ਹੀ ਉਹ ਸਤਿਗੁਰੂ ਦੀ ਪ੍ਰਾਪਤੀ ਕਰ ਰਿਹਾ ਹੈ।

**ਫਿਰ ਪਿਤਾ ਜੀ ਕਹਿਣ ਕੀ ਲੱਗੇ ਕਿ ਉਹ ਪਿਆਰ ਕੀ ਹੈ? ਪਿਆਰ ਉਹ ਹੈ ਜਿਹੜਾ ਇਹ ਮਾਇਆ ਦੇ ਸੰਸਾਰ ਦਾ ਤਿਆਗ ਕਰਵਾ ਦਵੇ, ਜਿਹੜਾ ਇਹ ਸਾਰੀਆਂ ਮੰਗਾਂ ਦਾ "ਸਤਿਗੁਰੂ ਸੇਵੇ ਤਿਲ ਨਾ ਤਮਾਇ" ਇਕ ਤਿਲ ਦੀ ਤਮਾ ਸੰਸਾਰ ਦੀ ਨਾ ਹੋਵੇ, ਉਹ ਪਿਆਰ ਹੈ। ਉਹ ਪਿਆਰ ਹੈ ਜਿਸ ਦੇ ਵਿੱਚ 'ਹਉਮੈ' ਪੂਰੀ ਦੀ ਪੂਰੀ ਰੁੜ੍ਹ ਜਾਏ, ਇਹ ਮੈਂ ਰੁੜ੍ਹ ਜਾਏ। ਜਿਸ ਦੇ ਵਿੱਚ ਸਤਿਗੁਰੂ ਦੇ ਸਿਵਾ ਆਪਣੇ ਵੱਲ, ਆਪਣੀ ਕਿਸੇ ਚੀਜ਼ ਵੱਲ 'ਮੈਂ-ਮੇਰੀ' ਵੱਲ ਧਿਆਨ ਵੀ ਨਾਂ ਜਾਵੇ, ਉਹ ਪਿਆਰ ਹੈ।**

***–ਬਾਬਾ ਨਰਿੰਦਰ ਸਿੰਘ ਜੀ***

# ਨਾਮ ਦੀ ਜੋਤ

ਸਾਧ ਸੰਗਤ ਜੀ, ਅੱਗੇ ਵੱਧਣ ਤੋਂ ਪਹਿਲੋਂ ਆਪਾਂ ਥੋੜ੍ਹੀ ਜਿਹੀ ਪਿੱਛੇ ਨਜ਼ਰ ਮਾਰ ਲਈਏ। ਆਪਾਂ ਬਾਬਾ ਨੰਦ ਸਿੰਘ ਸਾਹਿਬ ਦੀ ਉਸ ਨਿਮਰਤਾ ਤੇ ਗਰੀਬੀ ਦੇ ਵਿੱਚ ਉਨ੍ਹਾਂ ਦੀ ਉਹ ਨੂਰੀ ਬਾਲ-ਲੀਲ੍ਹਾ ਦੇ ਝਲਕ ਮਾਤਰ ਪਹਿਲਾਂ ਦਰਸ਼ਨ ਕਰ ਚੁੱਕੇ ਹਾਂ। ਫਿਰ ਉਸੇ ਹੀ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਵਿੱਚ ਉਨ੍ਹਾਂ ਦੇ ਅੰਮ੍ਰਿਤ-ਮਈ ਜੀਵਨ ਦੇ ਕੁਛ ਪੂਰਨੇ ਉਹ ਵੀ ਆਪਾਂ ਝਲਕ ਮਾਤਰ ਪਹਿਲਾਂ ਦੇਖ ਚੁੱਕੇ ਹਾਂ ਪਰ ਇਕ ਇਹ ਕੁਦਰਤਨ ਦਿਲ ਦੇ ਵਿੱਚ ਚਾਉ ਉੱਠਦਾ ਹੈ ਤੇ ਫਿਰ ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਨਿਮਰਤਾ ਤੇ ਗਰੀਬੀ ਨਾਲ ਨਿਰੰਕਾਰ ਨੂੰ ਜਿੱਤਿਆ ਜਾ ਸਕਦਾ ਹੈ। ਜਿੱਥੇ ਉਹ ਜੇਤੂ ਬੈਠਾ ਹੈ ਪਰ ਬੈਠਾ ਜਿਸ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਵਿੱਚ ਹੈ, ਬੈਠਾ ਕਿਹਦੇ ਚਰਨਾ ਵਿੱਚ ਹੈ, ਜਿੱਥੇ ਉਹ ਨਿਰੰਕਾਰ ਨੂੰ ਸਾਕਾਰ ਸਰੂਪ ਵਿੱਚ ਉਤਾਰ ਕੇ ਬੈਠਾ ਹੈ, ਜਿੱਥੇ ਉਸ ਪ੍ਰਕਾਸ਼ ਦੇ ਨਾਲ ਸਤਿਗੁਰੂ ਨੂੰ ਪ੍ਰਾਪਤ ਕਰੀ ਬੈਠਾ ਹੈ, ਜਿੱਥੇ ਉਹ ਨਾਮ ਦੀ ਜੋਤ ਜਗਾਈ ਬੈਠਾ ਹੈ ਤੇ **"ਨਾਮ ਦੀ ਜੋਤ"** ਜਗਦੀ ਰੱਖੀ ਹੈ ਔਰ ਉਸ ਪ੍ਰਕਾਸ਼ ਦੇ ਨਾਲ ਉਹ ਸਾਰਾ ਵਾਤਾਵਰਨ ਮਹਿਕ ਰਿਹਾ ਹੋਵੇ ਫਿਰ ਕਿਹਦਾ ਦਿਲ ਨਹੀਂ ਕਰੇਗਾ ਸਾਹਿਬ ਦੇ ਉਸ ਧਾਮ ਦੇ, ਸਾਹਿਬ ਦੇ ਉਸ ਦੇਸ਼ ਦੇ, ਸਾਹਿਬ ਦੇ ਉਸ ਲੋਕ ਦੇ, ਸਾਹਿਬ ਦੇ ਉਸ ਸੁਹਾਵੇ ਥਾਨ ਦੇ ਜੇ ਦਰਸ਼ਨ ਨਸੀਬ ਹੋ ਜਾਣ। ਸਾਧ ਸੰਗਤ ਜੀ, ਇਸ ਘੋਰ ਅੰਧਕਾਰ ਕਲਿਜੁਗ ਦੇ ਵਿੱਚ, ਉਹ ਵੀ ਇਸ ਮਾਇਆ ਦੇ ਸੰਸਾਰ ਤੋਂ ਬਿਲਕੁਲ ਬਾਹਰ, ਅਲੈਹਿਦਾ, ਜੋ ਕੁੱਝ ਡਿੱਠਾ ਅੱਜ ਆਪ ਦੇ ਨਾਲ ਸਾਂਝਾ ਕਰਨ ਨੂੰ ਚਿੱਤ ਕਰਦਾ ਹੈ। ਆਓ ਆਪਾਂ ਰੱਲ ਕੇ ਇਕੱਠੇ ਅੱਜ ਉਸ ਧਾਮ ਦੀ ਮਹਿਕ ਲੈ

ਲਈਏ, ਉਸ ਪ੍ਰਕਾਸ਼ ਦੇ ਝਲਕ ਮਾਤਰ ਦਰਸ਼ਨ ਕਰ ਲਈਏ ।

*ਗੁਰੂ ਨਾਨਕ ਦਾ ਦਰਬਾਰ ਹੈ,*
*ਇਲਾਹੀ ਚਮਤਕਾਰ ਹੈ ॥*

*ਸਚਖੰਡ ਹੈ ਨਿਖਾਰ ਹੈ,*
*ਬੈਕੁੰਠ ਹੈ ਨਿਰੰਕਾਰ ਹੈ ॥*

*ਦਯਾ ਪਿਆਰ ਮੁੱਕਤੀ ਦੀ*
*ਬਾਰਿਸ਼ ਬਰਸਦੀ ਏ ॥*

*ਠੰਡੀ ਠੰਡੀ ਪਉਣ ਠੰਡੇ ਨਾਮ ਦੀ ਖੁਮਾਰ ਹੈ ॥*

*ਅਨੰਦ ਰੂਪ ਬਾਬੇ ਨੰਦ ਸਿੰਘ ਦੇ ਚਰਨਾ ਚ ਅਨੰਦ ਹੀ ਪ੍ਰਤੀਤ ਹੁੰਦਾ ॥*

*ਦਰਗਾਹੀ ਬਖਸ਼ਿਸ਼ਾਂ ਦਾ, ਬਖਸ਼ਿਸ਼ਾਂ*
*ਦਾ ਭੰਡਾਰ ਹੈ ॥*

*ਖੂੰਨੀ ਪੱਤਝੜਾਂ ਨੇ*
*ਜਹਾਨ ਸਾਰਾ ਫੂਕ ਦਿੱਤਾ ॥*

*ਬਾਬਿਆਂ ਦੇ ਚਰਨਾ ਵਿਚ*
*ਸਦਾ ਹੀ ਬਹਾਰ ਹੈ ॥*

*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ,*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ।।*
*ਸੁਣੋ ਮੇਰੇ ਵੀਰ ਜੀਓ ਬਾਬੇ ਨੰਦ ਸਿੰਘ ਜੀ*
*ਦੀ ਅਮਰ ਕਥਾ ।।*

# ਕੁਦਰਤ ਦੇ ਕਾਦਰ
## (ਵਾਕਿਆ ਦੇਹਰਾਦੂਨ ਦੇ ਜੰਗਲਾਂ ਦਾ)

ਸਾਧ ਸੰਗਤ ਜੀ, ਆਓ ਹੁਣ ਆਪਾਂ ਚਲੀਏ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਵਿੱਚ ਇਸ ਮਾਇਆ ਦੇ ਸੰਸਾਰ, ਇਸ ਮਾਇਆ ਦੇ ਜਗਤ ਤੋਂ ਬਿਲਕੁਲ ਬਾਹਰ ਕਿਹਦੇ ਪਾਸ? ਇਸ ਜੁੱਗ ਦੇ ਉਸ ਮਹਾਨ ਆਸ਼ਿਕ ਦੇ ਚਰਨ ਕਮਲਾਂ ਵਿੱਚ ਜਿਸ ਨੇ ਸਤਿਗੁਰੂ ਦੀ ਪ੍ਰਤੱਖ ਪ੍ਰਾਪਤੀ ਕਰਕੇ ਨਾਮ ਦੀ ਜੋਤ ਇਸ ਜੁੱਗ ਦੇ ਵਿੱਚ, ਕਲਿਜੁਗ ਵਿੱਚ ਜਗਾਈ ਹੋਈ ਹੈ ਔਰ ਜਗਦੀ ਰੱਖੀ ਹੈ ਉਸ ਅਸਥਾਨ ਤੇ ਚਲੀਏ।

ਇਹ ਵਾਕਿਆ ਦੇਹਰਾਦੂਨ ਦੇ ਜੰਗਲਾਂ ਦਾ ਹੈ। ਚਕਰਾਤਾ ਰੋਡ ਤੇ ਕਾਫੀ ਦੂਰ ਦੇਹਰਾਦੂਨ ਤੋਂ ਬੜੀ ਮੁਸ਼ਕਿਲ ਨਾਲ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ-ਕਮਲਾਂ ਵਿੱਚ ਪਹੁੰਚੇ। ਬਿਸਤਰਾ ਪ੍ਰਸ਼ਾਦਿ ਵਗੈਰਾ ਸੀਸ ਤੇ ਚੁੱਕ ਕੇ ਹੀ ਉਸ ਕਠਿਨ ਰਸਤੇ ਵੱਲ ਦੀ ਜਾਣਾ ਪੈਂਦਾ ਸੀ, ਸਾਹਿਬ ਦੇ ਚਰਨ-ਕਮਲਾਂ ਵਿੱਚ। ਪੂਰਨਮਾਸ਼ੀ ਦਾ ਮੁਬਾਰਿਕ ਦਿਹਾੜਾ ਸੀ, ਦੀਵਾਨ ਸੱਜਿਆ ਹੈ ਸ਼ਾਮ ਨੂੰ। ਕਾਫੀ ਸੰਗਤ ਦੂਰੋਂ-ਨੇੜੇਉਂ ਪਹੁੰਚੀ ਹੋਈ ਹੈ। ਇਸ ਦੁਨੀਆਂ ਦਾ ਇਕ ਵੀ ਸੁੱਖ ਉੱਥੇ ਨਹੀਂ ਸੀ, ਇਕ ਵੀ ਆਰਾਮ ਦੀ ਸਹੂਲੀਅਤ ਨਹੀਂ ਸੀ, ਜੰਗਲ ਹੀ ਜੰਗਲ ਤੇ ਜੰਗਲੀ ਘਾਹ। ਜਗ੍ਹਾ ਜਿਹੜੀ ਸੰਗਤ ਨੇ ਸਾਫ਼ ਕੀਤੀ ਸੀ ਦੀਵਾਨ ਸੱਜਿਆ ਹੈ ਆਰੰਭ ਹੋ ਗਿਆ, ਮੌਸਮ ਇਕ-ਦਮ ਖ਼ਰਾਬ ਹੋਣਾ ਸ਼ੁਰੂ ਹੋ ਗਿਆ, ਸ਼ਬਦ-ਕੀਰਤਨ ਹੋ ਰਿਹਾ ਹੈ। ਇੰਨੀ ਦੇਰ ਨੂੰ ਬੱਦਲ ਗਰਜਣੇ ਸ਼ੁਰੂ ਹੋ ਗਏ, ਬਿਜਲੀ ਚਮਕਣੀ ਸ਼ੁਰੂ ਹੋ ਗਈ ਔਰ ਇੰਨੀ ਜੋਰ ਦੀ ਕੜਕ ਰਹੀ ਸੀ ਕਿ ਆਵਾਜ਼ ਸੁਣਾਈ ਨਾ ਦਏ, ਕੀਰਤਨ ਸੁਣਾਈ ਨਹੀਂ ਦਿੰਦਾ ਸੀ। ਬੜੀਆਂ ਸੋਚਾਂ ਵਿੱਚ ਪਏ ਹੋਏ ਕਿਉਂਕਿ ਉੱਥੇ ਤਾਂ ਕੋਈ ਸਹੂਲੀਅਤ ਹੈ ਹੀ ਨਹੀਂ ਸੀ।

ਬਾਬਾ ਨੰਦ ਸਿੰਘ ਸਾਹਿਬ ਦੇ ਤਾਂ ਪੱਕੀ ਇੱਟ ਵੀ ਕਿਤੇ ਲਗਦੀ ਨਹੀਂ ਸੀ। ਸਾਧ ਸੰਗਤ ਜੀ, ਬਦੱਲ ਗਰਜ ਰਿਹਾ ਹੈ ਬਿਜਲੀ ਚਮਕ ਰਹੀ ਹੈ ਪਰ ਕੀ ਮਜਾਲ ਹੈ ਕਿ ਬਦੱਲ ਬਰਸੇ, ਬਰਸ ਨਹੀ ਰਿਹਾ ਪਰ ਆਵਾਜ਼ ਨਹੀਂ ਸੁਣਾਈ ਦੇ ਰਹੀ। ਕੀਰਤਨ ਦਾ ਭੋਗ ਪਿਆ ਹੈ ਬਾਬਾ ਨੰਦ ਸਿੰਘ ਸਾਹਿਬ ਜੀ ਦੇ ਬਚਨਾਂ ਦਾ ਵਕਤ ਆਇਆ ਹੈ, ਬਾਬਾ ਨੰਦ ਸਿੰਘ ਸਾਹਿਬ ਨੇ ਉਸ ਮਸਤ ਲੀਨਤਾ ਵਿੱਚੋਂ ਬੈਰਾਗਨ ਦੇ ਉੱਤੇ, ਉਸ ਲੀਨਤਾ ਵਿੱਚੋਂ ਆਪਣੇ ਨੇਤ੍ਰ ਖੋਲ੍ਹੇ ਹਨ, ਪਾਵਨ ਨੇਤਰ ਖੋਲ੍ਹੇ ਹਨ ਉਸ

ਨਿਰੰਕਾਰ ਦੀ ਜਿਹੜੀ ਉਹ ਸਰੂਰ ਭਰੀ ਲੀਨਤਾ ਸੀ, ਉਹ ਮਸਤੀ ਉਨ੍ਹਾਂ ਦੇ ਨੇਤ੍ਰਾਂ ਵਿੱਚ ਝਲਕ ਰਹੀ ਸੀ।

ਬਾਬਾ ਜੀ ਨੇ ਥੋੜ੍ਹਾ ਹੀ ਆਸਮਾਨ ਵੱਲ ਉਹੀ ਨੇਤ੍ਰਾਂ ਨਾਲ ਤੱਕਿਆ ਹੈ, ਜਿਸ ਵਕਤ ਹੀ ਬਾਬਾ ਨੰਦ ਸਿੰਘ ਸਾਹਿਬ ਨੇ ਤੱਕਿਆ ਹੈ ਉਸ ਵੇਲੇ ਹੀ ਕੁਦਰਤ ਔਰ ਪ੍ਰਕ੍ਰਿਤੀ ਦਾ ਇਕ ਚਮਤਕਾਰ ਦੇਖਿਆ। ਸਾਧ ਸੰਗਤ ਜੀ, ਜਿਹੜੇ ਉਹ ਐਡੇ ਘੰਨਘੋਰ ਬੱਦਲ ਜਿਹੜੇ ਛਾਏ ਹੋਏ ਸੀ ਔਰ ਗਰਜ ਰਹੇ ਸੀ, ਉਹ ਬੱਦਲ ਚੌਫਾੜ ਹੋਇਆ ਹੈ, ਦੇਖਦੇ ਹੀ ਉਹ ਬੱਦਲ ਚਾਰੋ ਪਾਸੇ ਇਉਂ ਵਾਪਸ ਗਏ ਹਨ ਜਿੱਦਾਂ ਗਾਇਬ ਹੀ ਹੋ ਗਏ। ਉਨ੍ਹਾਂ ਦੇ ਜਾਂਦੇ ਹੀ ਉਹ ਜਿਹੜੀ ਬਿਜਲੀ ਚਮਕ ਰਹੀ ਸੀ, ਕੜਕ ਰਹੀ ਸੀ ਉਹ ਵੀ ਖ਼ਤਮ, ਇਕ ਦਮ ਉੱਤੇ ਅਸਮਾਨ ਤੇ ਸੰਨਾਟਾ ਛਾ ਗਿਆ, ਬਾਬਾ ਨੰਦ ਸਿੰਘ ਸਾਹਿਬ ਨੇ ਬਚਨ ਸ਼ੁਰੂ ਕੀਤੇ। ਬੜੀ ਅਜੀਬ ਇਕ ਹੋਰ ਚੀਜ਼ ਦੇਖੀ ਜਿਸ ਵਕਤ ਬਚਨ ਸ਼ੁਰੂ ਕੀਤੇ ਹਨ ਉਸ ਵੇਲੇ ਉਹ ਜਿਹੜੀ ਨਦੀ, ਪਹਾੜੀ ਨਦੀ, ਨੇੜੇ ਹੀ ਵਗਦੀ ਰਹਿੰਦੀ ਸੀ ਜਿੱਥੇ ਸੰਗਤ ਇਸ਼ਨਾਨ ਕਰਦੀ ਸੀ ਉਸ ਦੇ ਪਾਣੀ ਦੇ ਬਹਾਉ ਦੀ ਆਵਾਜ਼ ਬਿਲਕੁਲ ਹੀ ਸੁਣਾਈ ਦੇਣੀ ਬੰਦ ਹੋ ਗਈ। ਜਿਹੜੀ ਪਵਨ ਚਲਦੀ ਸੀ, ਜਿਹੜੇ ਪੱਤਿਆਂ ਦੀ ਆਵਾਜ਼ ਸੀ ਉਹ ਵੀ ਬੰਦ ਹੋ ਗਈ, ਮੈਂਡਕਾਂ ਦੀ (ਡੱਡੂਆਂ ਦੀ) ਆਵਾਜ਼ ਬੰਦ, ਜੰਗਲੀ ਜਾਨਵਰਾਂ ਦੀ ਆਵਾਜ਼ ਬੰਦ ਹੋ ਗਈ।

ਸਾਧ ਸੰਗਤ ਜੀ, ਇਹ ਕੁਦਰਤ ਔਰ ਪ੍ਰਕ੍ਰਿਤੀ ਜਿਸ ਸੰਨਾਟੇ ਵਿੱਚ ਬਾਬਾ ਨੰਦ ਸਿੰਘ ਸਾਹਿਬ ਦੇ ਉਹ ਦਰਗਾਹੀ ਅਨਮੋਲ ਬਚਨ ਸੁਣ ਰਹੀ ਹੈ ਉਹ ਸਾਰੀ ਕੁਦਰਤ ਤੇ ਪ੍ਰਕ੍ਰਿਤੀ, ਉਹ ਡਿੱਠਾ ਉਸ ਵੇਲੇ, ਤਕਰੀਬਨ ਡੇਡ ਘੰਟਾ ਅਨਮੋਲ ਬਚਨ ਹੋਏ ਹਨ। ਦਰਗਾਹੀ ਬਚਨ ਜਿਹੜੇ ਹੁਣ ਤਕ ਕੰਨਾਂ

ਵਿੱਚ ਗੂੰਜ ਰਹੇ ਹਨ, ਮੌਕਾ ਮਿਲਿਆਂ ਤਾਂ ਜਰੂਰ ਸਾਂਝੇ ਕਰਾਂਗਾ ਪਰ ਸਾਧ ਸੰਗਤ ਜੀ, ਕਮਾਲ ਹੈ, ਜਿਸ ਵਕਤ ਦੀਵਾਨ ਦਾ ਭੋਗ ਪਿਆ ਹੈ, ਬਾਬਾ ਨੰਦ ਸਿੰਘ ਸਾਹਿਬ ਕੀ ਫੁਰਮਾ ਰਹੇ ਹਨ ਕਿ ਇਹ ਰਾਤ ਨੇੜੇ ਦੇ ਪਿੰਡਾਂ ਵਿੱਚ ਕੱਟ ਲਉ ਜਾ ਕੇ। ਬਸ ਇੰਨਾਂ ਹੀ ਕਿਹਾ ਹੈ ਜਿਹੜੇ ਨਜ਼ਦੀਕੀ ਪਿੰਡਾਂ ਦੇ ਪਹਾੜੀਏ ਸੀ ਉਹ ਸਾਰੇ ਹੀ ਇਸ, ਜੋ ਦਰਗਾਹ ਦਾ ਨਜ਼ਾਰਾ ਸੀ, ਇਸ ਦੀ ਮਸਤੀ ਮਾਣਨ ਵਾਸਤੇ ਉਹ ਸਾਰੇ ਹੀ ਉੱਥੇ ਪਹੁੰਚੇ ਹੁੰਦੇ ਸੀ, ਸੰਗਤ ਵਿੱਚ ਇਹ ਬੈਠੇ ਹੁੰਦੇ ਸੀ, ਉੱਠ ਕੇ ਖੜ੍ਹੇ ਹੋ ਗਏ ਹਨ ਹੱਥ ਜੋੜ ਕੇ, ਸੇਵਾ ਮਿਲੀ ਹੈ ਔਰ ਮਿਲੀ ਵੀ ਕਿਹਦੇ ਮੁੱਖੋਂ? ਮੇਰੇ ਬਾਬਾ ਨੰਦ ਸਿੰਘ ਸਾਹਿਬ ਦੇ ਮੁੱਖੋਂ।

ਪਿਤਾ ਜੀ ਨੇ ਉਸਦੇ ਬਾਅਦ ਟੋਲੀਆਂ ਬਣਾਈਆਂ ਹਨ ਸਾਰੀ ਸੰਗਤ ਦੀਆਂ, ਸਭ ਟੋਲੀਆਂ ਨੂੰ ਰਵਾਨਾ ਕੀਤਾ ਹੈ ਪਿੰਡਾਂ ਵਿੱਚ, ਉਸਦੇ ਬਾਅਦ ਆਖਰੀ ਟੋਲੀ ਵਿੱਚ ਪਿਤਾ ਜੀ ਆਪ ਤੁਰੇ ਹਨ ਦਾਸ ਵੀ ਨਾਲ ਹੈ ਸਾਡੇ ਨਾਲ 6-7 ਜਣੇ ਹੋਰ ਸੀ। ਜਿਸ ਵਕਤ ਅਸੀ ਉਸ ਪਹਾੜੀਏ ਦੇ ਘਰ ਪਹੁੰਚੇ ਹਾਂ ਘਰ ਵਿੱਚ ਅੰਦਰ ਕਦਮ ਰੱਖਿਆ ਹੀ ਸੀ ਤੇ ਪਿਤਾ ਜੀ ਇਕ ਦਮ ਦਾਸ ਨੂੰ ਕਹਿੰਦੇ ਹਨ ਕਿ ਪੁੱਤ ਦੇਖ ਉੱਤੇ, ਜਦੋਂ ਦੇਖਿਆ, ਉਹ ਬੱਦਲ ਇਕੱਠੇ ਹੁੰਦੇ ਦੇਖੇ ਹਨ, ਜਿਸ ਤਰ੍ਹਾਂ ਚੌਫਾੜ ਹੋਇਆ ਸੀ ਉਹ ਉਨੀ ਹੀ ਤੇਜ਼ੀ ਨਾਲ ਇਕੱਠੇ ਹੋ ਰਹੇ ਹਨ ਮਿਲੇ ਹਨ ਔਰ ਉੱਦਾਂ ਹੀ ਗਰਜਨਾ ਸ਼ੁਰੂ ਹੋ ਗਏ, ਉਹੀ ਬਿਜਲੀ ਚਮਕਣੀ ਸ਼ੁਰੂ ਹੋ ਗਈ, ਗਰਜਨੀ ਸ਼ੁਰੂ ਹੋ ਗਈ, ਉਸ ਵੇਲੇ ਦੇਖਿਆ ਕਿ ਹੁਣ ਇਕ ਐਸਾ ਤੂਫਾਨ ਆਉਣ ਵਾਲਾ ਹੈ। ਸਾਧ ਸੰਗਤ ਜੀ, ਉਹ ਤੂਫ਼ਾਨ ਸਾਰੀ ਰਾਤ ਚੱਲਿਆ ਹੈ ਔਰ ਉਸ ਤੂਫਾਨ ਦੇ ਵਿੱਚ ਐਸੀ ਮੂਸਲਾਧਾਰ ਬਾਰਿਸ਼ ਹੋਈ, ਬੜੀ ਹੈਰਾਨੀ ਹੈ।

ਸਾਧ ਸੰਗਤ ਜੀ ! ਜਿਹੜੀ ਇਕ ਦੂਜੀ ਅਨੋਖੀ ਚੀਜ ਦੇਖੀ, ਬੜਾ ਉੱਚਾ ਜੰਗਲੀ ਘਾਹ ਸੀ,

ਉਹਦੇ ਉੱਤੇ ਹੀ ਅਸੀ ਬਿਸਤਰੇ ਵਿਛਾ ਕੇ ਲੇਟ ਜਾਂਦੇ ਸੀ, ਸੌਂ ਜਾਂਦੇ ਸੀ ਥੋੜ੍ਹੀ ਦੇਰ ਰਾਤ ਨੂੰ । ਬਿਸਤਰਿਆਂ ਦੇ ਵਿੱਚ ਹੀ ਅਗਲੇ ਦਿਨ ਦੇਖਣਾ, ਮੇਰੇ ਬਿਸਤਰੇ ਵਿੱਚ ਕੰਨਖਜੂਰਾ ਵੜਿਆ ਹੋਇਆ, ਪਿਤਾ ਜੀ ਦੇ ਬਿਸਤਰੇ ਵਿੱਚ ਸੱਪ ਸੀ, ਇੱਦਾਂ ਹੀ ਸੰਗਤ ਦੇ ਕਈਆਂ ਦੇ ਪਰ ਅਜੀਬ ਗੱਲ ਹੈ ਉਹ ਵੀ ਨਾਲ ਬਿਸਤਰੇ ਵਿੱਚ ਪਏ ਰਹੇ ਹਨ ਕੀ ਮਜਾਲ ਹੈ ਕਿਸੇ ਨੇ ਕਿਸੇ ਨੂੰ ਕੱਟਿਆ ਹੋਵੇ । ਸੰਗਤ ਇਸ਼ਨਾਨ ਕਰਨ ਜਾਂਦੀ ਸੀ ਨਦੀ ਵਿੱਚ ਰਾਤ ਨੂੰ, ਅੰਮ੍ਰਿਤ ਵੇਲੇ ਜਿਸ ਵਕਤ ਇਸ਼ਨਾਨ ਕਰ ਰਹੇ ਹਨ ਤੇ ਨਦੀ ਦੇ ਦੂਜੇ ਕਿਨਾਰੇ ਤੇ ਇਕ ਚੀਤਾ ਆ ਕੇ ਪਾਣੀ ਪੀ ਰਿਹਾ ਹੈ ਕੀ ਮਜਾਲ ਹੈ ਚੀਤੇ ਨੇ ਉਨ੍ਹਾਂ ਵੱਲ ਦੇਖਿਆ ਵੀ ਹੋਵੇ ।

ਬਾਬਾ ਨੰਦ ਸਿੰਘ ਸਾਹਿਬ ਪਾਸ ਜ਼ਿਕਰ ਕੀਤਾ ਕਿ ਜੀ ਇਸ ਜੰਗਲ ਦੇ ਵਿੱਚ ਖ਼ਤਰਨਾਕ ਜਾਨਵਰ ਹਨ, ਚੀਤੇ ਦਾ ਦੱਸਿਆ ਫਿਰ ਸੱਪ, ਠੂੰਏ, ਕੰਨਖਜੂਰੇ ਇੱਦਾਂ ਬਿਸਤਰਿਆਂ ਵਿੱਚੋਂ ਨਿਕਲਦੇ ਹਨ । ਬਾਬਾ ਨੰਦ ਸਿੰਘ ਸਾਹਿਬ ਮੁਸਕਰਾ ਪਏ ਕਹਿਣ ਲੱਗੇ ਇਹ ਸਭ ਸੇਵਾ ਕਰ ਰਹੇ ਹਨ ਪਰ ਸਾਧ ਸੰਗਤ ਜੀ, ਉੱਥੇ ਸੇਵਾ ਕਰ ਕੌਣ ਰਿਹਾ ਸੀ? ਜਿਸ ਮਾਇਆ ਦੇ ਜਗਤ ਤੋਂ ਬਿਲਕੁਲ ਬਾਹਰ ਉਸ ਅਸਥਾਨ ਤੇ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਵਿੱਚ ਬੈਠੇ ਸੀ, ਉੱਥੇ ਸੇਵਾ ਕੌਣ ਕਰ ਰਿਹਾ ਸੀ?

**ਉੱਥੇ ਸਾਰੀ ਕੁਦਰਤ, ਇਹ ਸਾਰੀ ਪ੍ਰਕ੍ਰਿਤੀ, ਇਹ ਮਾਇਆ ਤੇ ਕਾਲ, ਯਮਰਾਜ, ਧਰਮਰਾਜ ਇਹ ਸਭ ਉੱਥੇ ਸੇਵਾ ਕਰ ਰਹੇ ਸੀ ।**

ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥
ਜਮਕੰਕਰੁ ਕਾਲੁ ਸੇਵਕ ਪਗ ਤਾ ਕੇ ॥

–ਗੁਰੂ ਨਾਨਕ ਦੇਵ ਜੀ

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥

ਜਾ ਕਉ ਗੁਰਮੁਖਿ ਰਿਦੈ ਬੁਧਿ ॥
ਤਾ ਕੈ ਕਰ ਤਲ ਨਵ ਨਿਧਿ ਸਿਧਿ ॥

–ਗੁਰੂ ਅਰਜਨ ਦੇਵ ਜੀ

ਹਰਿ ਹਾਰੁ ਕੰਠਿ ਜਿਨਿ ਪਹਿਰਿਆ
ਗੁਰ ਚਰਣੀ ਚਿਤੁ ਲਾਇ ॥
ਤਿਨਾ ਪਿਛੈ ਰਿਧਿ ਸਿਧਿ ਫਿਰੈ
ਓਨਾ ਤਿਲੁ ਨ ਤਮਾਇ ॥

*ਭਗਤਾ ਨੋ ਜਮੁ ਜੋਹਿ ਨ ਸਾਕੈ*
*ਕਾਲੁ ਨ ਨੇੜੈ ਜਾਈ ॥*

*ਕੇਵਲ ਰਾਮ ਨਾਮੁ ਮਨਿ ਵਸਿਆ*
*ਨਾਮੇ ਹੀ ਮੁਕਤਿ ਪਾਈ ॥*

*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ*
*ਗੁਰ ਕੈ ਸਹਜਿ ਸੁਭਾਈ ॥*

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*

*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥*

*ਅਧਿਆਤਮੀ ਹਰਿ ਗੁਣ ਤਾਸੁ ਮਨਿ*
*ਜਪਹਿ ਏਕੁ ਮੁਰਾਰਿ ॥*

*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ ॥*

**–ਗੁਰੂ ਅਮਰ ਦਾਸ ਜੀ**

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ
ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮ ਰਾਇ ਦਰਿ ਕਾਗਦ ਫਾਰੇ
ਜਨ ਨਾਨਕ ਲੇਖਾ ਸਮਝਾ ॥

–ਗੁਰੂ ਰਾਮ ਦਾਸ ਜੀ

ਭਏ ਕ੍ਰਿਪਾਲ ਦਇਆਲ ਗੋਬਿੰਦਾ
ਅੰਮ੍ਰਿਤੁ ਰਿਦੈ ਸਿੰਚਾਈ ॥
ਨਵ ਨਿਧਿ ਰਿਧਿ ਸਿਧਿ ਹਰਿ ਲਾਗਿ
ਰਹੀ ਜਨ ਪਾਈ ॥

ਸੰਤਨ ਮੋ ਕਉ ਪੂੰਜੀ ਸਉਪੀ
ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ
ਜਉ ਫਾਟਿਓ ਸਗਲੋ ਲੇਖਾ ॥

ਸਾਧਸੰਗਿ ਧਰਮ ਰਾਇ ਕਰੇ ਸੇਵਾ ॥

*ਸਾਧ ਕੈ ਸੰਗਿ ਸੋਭਾ ਸੁਰਦੇਵਾ ॥*

*–ਗੁਰੂ ਅਰਜਨ ਦੇਵ ਜੀ*

# ਮਾਇਆ ਅਤੇ ਕਾਲ

ਸਾਧ ਸੰਗਤ ਜੀ, ਜਿਹੜੀ ਇਕ ਹੋਰ ਚੀਜ਼ ਪਿਤਾ ਜੀ ਨੇ ਦੱਸੀ, ਕਹਿਣ ਲੱਗੇ ਬਾਬਾ ਨੰਦ ਸਿੰਘ ਸਾਹਿਬ ਦੇ ਦਰ ਤੇ ਇਹ ਦੋ ਹਸਤੀਆਂ ਖੜ੍ਹੀਆਂ ਹੁੰਦੀਆਂ ਹਨ ਹੱਥ ਜੋੜ ਕੇ, ਕਿਹੜੀ ਇਕ ਮਾਇਆ ਤੇ ਦੂਜਾ ਕਾਲ। ਫਿਰ ਕਹਿਣ ਲੱਗੇ ਕਿ ਹਰ ਇਕ ਜਣਾ ਸਾਹਿਬ ਪਾਸ ਅਸੱਲੀ ਜਾਚਕ ਨਹੀਂ ਆਉਂਦਾ, ਮਾਇਆ ਦੇ ਸੰਸਾਰ ਵਿੱਚ ਗ੍ਰਹਿਸਤ ਵਿੱਚ ਜਿਹੜਾ ਪ੍ਰਾਣੀ ਹੈ ਉਹ ਮਾਇਆ ਦੇ ਹੀ ਕਾਰਨ ਆਉਂਦਾ ਹੈ, ਉਹ ਮਾਇਆ ਦੇ ਹੀ ਸੁੱਖ ਭਾਲਦਾ ਹੈ, ਉਨ੍ਹਾਂ ਦਾ ਨਬੇੜਾ ਜਿਹੜੀ ਉਹ ਦਰ ਤੇ ਮਾਇਆ ਖੜ੍ਹੀ ਹੈ ਉਹ ਉੱਥੇ ਹੀ ਕਰ ਦਿੰਦੀ ਹੈ। ਫਿਰ ਉਨ੍ਹਾਂ ਨੇ ਇਕ ਚੀਜ਼ ਕਹੀ ਇਕ ਦਿਨ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਕੀ ਲੱਗੇ, ਇਹ ਜਲ ਹੈ ਜਲ ਮੱਛੀ ਦਾ ਪੂਰਨ ਸਹਾਰਾ ਹੈ, ਜਲ ਹੀ ਉਸ ਦੀ ਲੀਨਤਾ ਹੈ, ਜਲ ਹੀ ਉਸ ਦਾ ਪ੍ਰੇਮ ਹੈ, ਜਲ ਹੀ ਉਸ ਦਾ ਜੀਵਨ ਹੈ, ਜਲ ਹੀ ਉਸ ਦੇ ਪ੍ਰਾਣ ਹਨ ਤੇ ਜਲ ਹੀ ਉਸਦਾ ਰੱਬ ਹੈ।

ਜਿਸ ਵਕਤ ਉਹ ਮੱਛੀ ਆਪਣੇ ਉਸ ਆਸਰੇ ਤੋਂ, ਉਸ ਪ੍ਰੀਤਮ ਤੋਂ, ਉਸ ਪਿਆਰ ਤੋਂ, ਉਸ ਲੀਨਤਾ ਤੋਂ ਥੋੜ੍ਹੀ ਦੇਰ ਵਾਸਤੇ ਵੀ ਨੱਕ ਬਾਹਰ ਕੱਢਦੀ ਹੈ ਤੇ ਉਸਦਾ ਦਮ ਘੁੱਟਦਾ ਹੈ ਔਰ ਜਿਹੜਾ ਮਹਾਪੁਰਖ ਹੁੰਦਾ ਹੈ ਜਿਹੜਾ ਹਰ ਵੇਲੇ ਲੀਨਤਾ ਵਿਚ ਰਹਿੰਦਾ ਹੈ, ਫਿਰ ਲੀਨਤਾ ਦੇ ਬਾਰੇ ਵਿੱਚ ਪਿਤਾ ਜੀ ਦੱਸ ਰਹੇ ਹਨ ਕਿ ਉਸ ਦੀ ਲੀਨਤਾ ਜਿੰਨੇ ਰਸਾਂ ਦਾ ਮਜੱਸਮ ਹੈ, ਸਾਹਿਬ ਸਤਿਗੁਰੂ, ਗੁਰੂ ਨਾਨਕ ਨਿਰੰਕਾਰ ਸਾਰੇ ਹੀ ਉਹ ਰਸ ਬਖਸ਼ਣ ਵਾਲਾ ਹੈ। ਜਿਹੜਾ ਆਤਮ-ਰਸ, ਨਾਮ ਰਸ, ਪ੍ਰੇਮ ਰਸ, ਹਰ ਰਸ, ਸਿੱਖੀ ਰਸ ਬਖਸ਼ ਰਿਹਾ ਹੈ ਉਸਦੇ ਹੀ ਸਾਰੇ ਰੱਸ ਹਨ ਤੇ ਉਹ ਹੈ ਕੌਣ? ਉਹ ਬੇਅੰਤ ਹੈ, ਉਹਦੇ ਰਸ ਵੀ ਬੇਅੰਤ ਹਨ। ਉਹ ਰਸਾਂ ਦੇ ਅੰਤ ਤਕ ਨਹੀਂ ਪਹੁੰਚਿਆ ਜਾ ਸਕਦਾ, ਫਿਰ ਮਤਲਬ ਸਮਝਾ ਰਹੇ ਹਨ ਕਿ ਉਸ ਰਸ ਦਾ ਹਰ ਛਿੰਨ, ਉਹਦਾ ਸਰੂਰ, ਉਹਦਾ ਨਸ਼ਾ, ਉਹਦੀ ਮਸਤੀ, ਉਹਦੀ ਖੁਮਾਰੀ ਵੱਧ ਰਹੀ ਹੁੰਦੀ ਹੈ, ਹਰ ਵੇਲੇ ਹੀ ਨਵੇਂ ਤੋਂ ਨਵਾਂ ਸਰੂਰ ਆ ਰਿਹਾ ਹੁੰਦਾ ਹੈ, ਉਸ ਲੀਨਤਾ ਤੋਂ ਕਿਹੜਾ ਬਾਹਰ ਆਉਣਾ ਪਸੰਦ ਕਰੇਗਾ, ਉਹ ਵੀ ਮਾਇਆ ਦੇ ਸੰਸਾਰ ਦੇ ਵਿੱਚ।

**ਫਿਰ ਹੁੰਦਾ ਕੀ ਹੈ? ਉਹੀ ਮਾਇਆ ਜਿਹੜੀ ਚਰਨਾ ਵਿੱਚ ਹੱਥ ਜੋੜ ਕੇ ਖੜ੍ਹੀ ਹੈ, ਉਸ ਵੇਲੇ ਫਿਰ ਆਪਣਾ ਧਿਆਨ ਕਰਕੇ ਉਹ ਚਰਨ ਕਮਲਾਂ ਦੇ ਵਿੱਚ ਜਿੰਨ੍ਹਾ ਚਰਨਾ ਨੂੰ ਲਿਪਟੀ ਹੁੰਦੀ ਹੈ ਬੇਨਤੀ ਕਰਦੀ ਹੈ ਕਿ ਹੇ ਗਰੀਬ ਨਿਵਾਜ ! ਇਹ ਦਾਸੀ ਦੀ ਸਮਰੱਥਾ ਤੋਂ ਬਾਹਰ ਹੈ ਉਸ ਦਾ ਘਰ ਪੂਰਾ ਕਰਨਾ, ਉਹ ਜਾਚਕ ਆਪ ਦਾ ਹੈ ਗਰੀਬ ਨਿਵਾਜ਼ ! ਆਪ ਹੀ ਪੂਰਾ ਕਰ ਸਕਦੇ ਹੋ। ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਉਸ ਲੀਨਤਾ ਵਿੱਚੋਂ ਥੋੜ੍ਹੀ ਦੇਰ ਬਾਹਰ ਆਉਂਦੇ ਹਨ ਔਰ ਦੂਜੇ ਦਾ ਘਰ ਪੂਰਾ ਕਰ ਕੇ ਵਾਪਸ ਉਸ**

**ਲੀਨਤਾ ਵਿੱਚ ਚਲੇ ਜਾਂਦੇ ਹਨ ।**

*ਤੂੰ ਨਿਮਰਤਾ ਤੇ ਗਰੀਬੀ ਦਾ,*
*ਪ੍ਰਕਾਸ਼ ਬਾਬਾ ਨੰਦ ਸਿੰਘ ਜੀ ।।*

*ਤੂੰ ਨਾਮ ਦੀ ਵਰਖਾ ਲਾਈ,*
*ਮੋਹਲ਼ੇ ਧਾਰ ਬਾਬਾ ਨੰਦ ਸਿੰਘ ਜੀ ।।*

*ਧੰਨ ਧੰਨ ਬਾਬਾ ਨੰਦ ਸਿੰਘ ਜੀ,*
*ਧੰਨ ਹੈ ਤੇਰੀ ਵਡਿਆਈ ।।*

*ਸੰਗਤ ਗਾਉਂਦੀ ਦੇਵਤੇ ਗਾਉਂਦੇ,*
*ਗਾਉਂਦੀ ਕੁੱਲ ਖੁਦਾਈ ।।*

*ਸੁਣੋ ਮੇਰੇ ਵੀਰ ਜੀਓ, ਬਾਬੇ ਨੰਦ ਸਿੰਘ ਜੀ*
*ਦੀ ਅਮਰ ਕੱਥਾ ।।*

# ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਦੇ ਖੁੱਲ੍ਹੇ ਦਰਸ਼ਨ

ਸਾਧ ਸੰਗਤ ਜੀ, ਪਿਤਾ ਜੀ ਨੇ ਇਕ ਅਨਮੋਲ ਚੀਜ਼ ਦੱਸੀ ਕੁਦਰਤ, ਪ੍ਰਕ੍ਰਿਤਿ, ਮਾਇਆ, ਸ਼ਕਤੀ, ਕਾਲ, ਸਮਾਂ ਨਿਰੰਕਾਰ ਨੇ ਇਹ ਸਭ ਚੀਜ਼ਾਂ ਬਣਾਈਆ ਹਨ, ਜਿਹੜੀ ਨਿਮਰਤਾ ਤੇ ਗਰੀਬੀ ਨਿਰਕੰਾਰ ਨੂੰ ਜਿੱਤ ਸਕਦੀ ਹੈ ਤੇ ਇਹ ਚੀਜ਼ਾਂ ਉਸ ਜਿੱਤ ਤੋ ਬਾਹਰ ਰਹਿ ਗਈਆਂ? ਨਿਰੰਕਾਰ ਤੋਂ ਬਾਹਰ ਰਹਿ ਗਈਆਂ? ਸਾਧ ਸੰਗਤ ਜੀ, ਜਿੱਤ ਤਾਂ ਇਹ ਨਿਮਰਤਾ ਗਰੀਬੀ ਸਭ ਕੁਝ ਲੈਂਦੀ ਹੈ ਪਰ ਪਿਤਾ ਜੀ ਨੇ ਇਸ ਨੂੰ ਹੋਰ ਢੰਗ ਨਾਲ ਸਮਝਾਇਆ ਕਿ,

**ਇਹ ਸਭ ਤਾਕਤਾਂ, ਇਹ ਸਭ ਸ਼ਕਤੀਆਂ ਜਿਸ ਵਕਤ ਨਿਰੰਕਾਰ ਦੀ ਕਲਾ ਵਰਤਦੀ ਹੈ ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਵਰਗੀ ਇਕ ਮਹਾਨ ਹਸਤੀ ਪੈਦਾ ਹੋ ਜਾਂਦੀ ਹੈ, ਪ੍ਰਗਟ ਹੋ ਜਾਂਦੀ ਹੈ ਔਰ ਇਹ ਜਿੰਨੀਆਂ ਬਣਾਈਆਂ ਹੋਈਆਂ ਚੀਜ਼ਾਂ ਹਨ ਇਹ ਕੁਦਰਤ, ਇਹ ਪ੍ਰਕ੍ਰਿਤਿ, ਮਾਇਆ, ਸ਼ਕਤੀ, ਇਹ ਕਾਲ, ਸਮਾਂ, ਮਿਹਰ ਇਹ ਸਭ ਚੀਜ਼ਾਂ ਜਾ ਕੇ ਉਸ ਦੇ ਚਰਨ ਕਮਲਾਂ ਨੂੰ ਲਿਪਟ ਜਾਂਦੀਆਂ ਹਨ।**

ਸਾਧ ਸੰਗਤ ਜੀ, ਮਾਇਆ ਦੇ ਸੰਸਾਰ ਤੋਂ ਬਾਹਰ ਉਸ ਧਾਮ ਦੇ ਵਿਚ ਜਿਹੜਾ ਪ੍ਰਕਾਸ਼ ਹੈ ਉੱਥੇ, ਉਸ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਦੇ ਅਗਰ ਖੁੱਲ੍ਹੇ ਦਰਸ਼ਨ ਕੀਤੇ ਹਨ ਤਾਂ ਅਸੀ ਉਸ ਧਾਮ ਤੇ ਦੇਖੇ ਹਨ, ਉਸ ਦੇਸ਼ ਦੇ ਵਿੱਚ ਦੇਖੇ ਹਨ ਜਿੱਥੇ ਉਹ ਹਸਤੀ, ਉਹ ਜੋਤੂ, ਉਹ ਚਰਨ ਕਮਲਾਂ ਵਿੱਚ, ਉਸ ਨਿਮਰਤਾ ਤੇ ਗਰੀਬੀ ਦੀ ਮੁੱਦਰਾ ਦੇ ਵਿੱਚ ਨਿਰੰਕਾਰ ਦੇ ਚਰਨ ਕਮਲਾਂ ਵਿੱਚ। ਸਾਧ ਸੰਗਤ

ਜੀ, ਨਿਮਰਤਾ ਤੇ ਗਰੀਬੀ ਦੀ ਡੂੰਗਾਈ ਤਕ ਤਾਂ ਕਿੱਥੇ ਪਹੁੰਚ ਸਕਦੇ ਹਾਂ ਪਰ ਜਿਸ ਵਕਤ ਇਹ ਦੇਖਿਆ ਕਿ ਉਹ ਜੇਤੂ ਤਾਂ ਸੰਗਤ ਦੇ ਚਰਨਾ ਦੇ Level ਤੋਂ ਵੀ ਥੱਲੇ ਟੋਇਆ ਪੁੱਟੀ ਬੈਠਾ ਹੈ। ਉਹ ਤਾਂ ਗੁਰੂ ਨਾਨਕ ਦੀ ਸੰਗਤ ਦੀ ਵੀ ਬਰਾਬਰੀ ਨਹੀਂ ਕਰ ਰਿਹਾ। ਉੱਥੇ ਅਸੀ ਉਸ ਨਿਮਰਤਾ ਤੇ ਗਰੀਬੀ ਦੀਆਂ ਬਖਸ਼ਿਸ਼ਾਂ ਦੀ ਲੁੱਟ ਪਈ ਦੇਖੀ ਹੈ। ਉੱਥੇ ਉਹ ਚੀਜ਼ਾਂ, ਉਹ ਜਿਹੜਾ ਪ੍ਰਕਾਸ਼ ਜਿਸ ਦਾ ਆਨੰਦ ਹੋਰ ਕਿਧਰੇ ਮਿਲ ਹੀ ਨਹੀਂ ਸਕਦਾ, ਉਸ ਧਾਮ ਤੇ ਮਿਲਦਾ ਦੇਖਿਆ ਹੈ ਪਰ ਸਾਧ ਸੰਗਤ ਜੀ, ਹਜ਼ਾਰਾਂ ਦੀ ਤਾਦਾਤ ਦੇ ਵਿੱਚ ਸੰਗਤ ਨੂੰ ਉੱਥੇ ਆਉਂਦੇ ਦੇਖਿਆ ਹੈ ਤੇ ਉਨ੍ਹਾਂ ਦੀ ਹਰ ਇਕ ਚੀਜ਼ ਦੀ ਇਹ ਸੇਵਾ ਕਰਨੀ ਇਹ ਮਾਇਆ ਪ੍ਰਬੰਧ ਕਿਸ ਤਰ੍ਹਾ ਕਰਦੀ ਸੀ।

**ਦੁਨੀਆਂ ਦੇ ਵਿੱਚ ਤਾਂ ਪਹਿਲੀ ਵਾਰੀ ਇਹ ਇਕ ਨਕਸ਼ਾ ਦੇਖਿਆ ਹੈ ਜਿਸ ਜਗ੍ਹਾ ਵੀ ਬਾਬਾ ਨੰਦ ਸਿੰਘ ਸਾਹਿਬ ਗਏ ਹਨ ਕੀ ਮਜਾਲ ਹੈ ਕਿਸੇ ਨੂੰ ਕੋਈ ਚਿੱਠੀ ਗਈ ਹੋਵੇ, ਕੋਈ ਪਤਾ ਗਿਆ ਹੋਵੇ ਕਿ ਬਾਬਾ ਨੰਦ ਸਿੰਘ ਸਾਹਿਬ ਉਸ ਜੰਗਲ ਵਿੱਚ ਜਾ ਬੈਠੇ ਹਨ ਔਰ ਕਿਸ ਤਰ੍ਹਾਂ ਦੁਨੀਆਂ ਉੱਥੇ ਪਰਸ਼ਾਦੇ ਲੈ ਕੇ ਪਹੁੰਚਦੀ ਸੀ। ਅੱਜ ਤੱਕ ਨਹੀਂ ਕਿਸੇ ਨੂੰ ਪਤਾ ਲਗਿਆ ਕਿ ਇਹ ਸੇਵਾ ਕਰਦਾ ਕੌਣ ਸੀ?**

*ਬਾਬੇ ਨੰਦ ਸਿੰਘ ਜੀ ਦੇ ਦਰ ਤੇ,*
*ਅਣਗਿਣਤ ਸੰਗਤਾਂ ਆਈਆਂ ਨੇ ॥*

*ਉਥੇ ਕੋਈ ਚੁਲ੍ਹਾ ਤੱਪਦਾ ਨਹੀ,*
*ਨਾ ਅੱਗ ਦੀਆਂ ਰੁਸ਼ਨਾਈਆਂ ਨੇ ॥*

ਤਪੇ ਬਾਬਿਆਂ ਦੇ ਦਰ ਤੇ ਲੋਹ ਕੋਈ ਨਾ,
ਕੀ ਬਣਤ ਬਨਾ ਕੇ ਰੱਖ ਗਏ ਨੇ ॥

ਚੰਹੁ ਜੁਗਾਂ ਦਾ ਚੌਂਕੇ ਵਿਚ ਲੰਗਰ,
ਬਾਬੇ ਆਪ ਪਕਾ ਕੇ ਰੱਖ ਗਏ ਨੇ ॥

ਵਾਹ ਨੂਰੀ ਬਾਬਾ ਨੰਦ ਸਿੰਘ ਜੀ
ਇਹ ਤੇਰੀਆਂ ਧੰਨ ਕਮਾਈਆਂ ਨੇ ॥

ਅਰਸ਼ਾ ਤੋ ਅੰਨ ਪਕਾਵਨ ਲਈ
ਹੂਰਾਂ ਨੇ ਤਵੀਆਂ ਤਾਈਆਂ ਨੇ ॥

ਨਾ ਹੋਈ ਨਾ ਹੋਸੀ,
ਇਕ ਅਨਹੋਣੀ ਰੀਤ ਚਲਾਈ ਏ ॥

ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ,
ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥

ਸੁਣੋ ਮੇਰੇ ਵੀਰ ਜੀਓ,
ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥

# ਹਊਮੈਂ ਦੀ ਸਭ ਤੋਂ ਵੱਡੀ ਤੋੜ

ਸਾਧ ਸੰਗਤ ਜੀ, ਇਹ ਦਿੱਲੀ ਦਾ ਵਾਕਿਆ ਹੈ, ਬਾਬਾ ਨੰਦ ਸਿੰਘ ਸਾਹਿਬ ਦਿੱਲੀ ਬਾਹਰ ਜੰਗਲ ਵਿੱਚ ਠਹਰਿਆ ਕਰਦੇ ਸਨ।ਉਸ ਜਗ੍ਹਾ ਦਾ ਨਾਮ ਉਸ ਵੇਲੇ ਖ਼ੂਨੀ ਨਾਲਾ ਪਿਆ ਹੋਇਆ ਸੀ।ਬੜਾ ਤਕੜਾ ਜੰਗਲ ਸੀ। ਬਾਬਾ ਨੰਦ ਸਿੰਘ ਸਾਹਿਬ ਉਸ ਜੰਗਲ ਵਿੱਚ ਜਾ ਕੇ ਕਯਾਮ (ਪੜਾਉ) ਕਰਦੇ ਸਨ ਪਰ ਦਿੱਲੀ ਦੀ ਸੰਗਤ ਉੱਥੇ ਹੁੰਮ-ਹੁਮਾ ਕੇ ਜਾਂਦੀ ਸੀ।ਬਹੁਤ ਦੁਨੀਆਂ ਜਾਂਦੀ ਸੀ।ਉਸ ਵੇਲੇ ਜਾਣ ਦੇ ਤਰੀਕੇ ਤਾਂ ਦੋ-ਤਿੰਨ ਹੀ ਸੀ।ਜ਼ਿਆਦਾ ਤਾਂ ਪੈਦਲ ਜਾਂਦੇ ਸੀ, ਕਈ ਸਾਈਕਲਾਂ ਤੇ ਜਾਂਦੇ ਸੀ ਔਰ ਕਈ ਟਾਂਗਿਆਂ ਤੇ ਜਾਂਦੇ ਸੀ।ਜਾ ਕੇ ਬਾਹਰ ਜਿੰਨੀ ਦੂਰ ਹੋ ਸਕਦਾ ਸੀ ਉੱਥੇ ਖੜ੍ਹਾ ਹੁੰਦਾ ਟਾਂਗਾ ਤੇ ਉਹ ਫਿਰ ਆਪ ਉਸ ਜੰਗਲ ਵਿੱਚ ਚਲੇ ਜਾਂਣਾ। ਇਕ ਦਿਨ ਵਾਕਿਆ ਕੀ ਹੋਇਆ? ਕੁਛ ਗਭਰੂ ਜੁਆਨ ਮੁੰਡੇ ਪੈਦਲ ਤੁਰੇ ਆ ਰਹੇ ਹਨ।ਹੁਣ ਜਿਸ ਤਰ੍ਹਾਂ ਮੁੰਡਿਆਂ ਦੀ ਆਦਤ ਹੈ ਇਕ ਦੇ ਮੂੰਹੋਂ ਨਿਕਲ ਗਿਆ ਕਹਿਣ ਲੱਗਾ, ਇਹ ਸਾਧ ਕਾਹਦਾ ਹੈ ਜਿਹੜਾ ਨਗਰ ਵਿੱਚ ਵੜਦਾ ਨਹੀਂ, ਸ਼ਹਿਰ ਦੇ ਵਿੱਚ ਨਹੀਂ ਵੜਦਾ। ਇੰਨੀ ਤਕਲੀਫ਼ ਸਾਨੂੰ ਹੁੰਦੀ ਹੈ ਪੈਦਲ ਆਉਣ ਵੇਲੇ ਤੇ ਜੇ ਉਹ ਇੰਨੀ ਦੁਨੀਆਂ ਪੈਦਲ ਆਉਂਦੀ ਹੈ ਇੱਥੇ ਸਾਈਕਲਾਂ ਤੇ ਆਉਂਦੀ ਹੈ, ਜੇ ਉਹ ਆਪ ਸ਼ਹਿਰ ਵਿੱਚ ਆ ਜਾਏ ਤੇ ਸਾਡੀ ਤਕਲੀਫ਼ ਬੱਚ ਸਕਦੀ ਹੈ, ਇੱਦਾਂ ਦਾ ਬਚਨ ਕਰ ਰਿਹਾ ਹੈ ਔਰ ਦੂਜੇ ਉਸਦੇ ਨਾਲ ਉਸਦੀ ਗੱਲ ਸੁਣ ਰਹੇ ਸੀ।

ਆਪਸ ਵਿੱਚ ਵਿਚਾਰ ਕਰੀ ਜਾ ਰਹੇ ਹਨ ਤਾਂ ਮੇਰੇ ਬਾਬਾ ਨੰਦ ਸਿੰਘ ਸਾਹਿਬ ਸਾਰਿਆਂ ਦੇ

ਦਿਲਾਂ ਦੀ ਜਾਨਣਹਾਰ ਉਹ ਅੰਤਰਜਾਮੀ ਬਾਬਾ ਨੰਦ ਸਿੰਘ ਸਾਹਿਬ, ਜਿਸ ਵਕਤ ਉਨ੍ਹਾਂ ਮੱਥਾ ਟੇਕਿਆ ਹੈ ਸੰਗਤ ਵਿੱਚ ਆ ਕੇ ਉਸ ਵੇਲੇ ਬਾਬਾ ਜੀ ਬਚਨ ਕਰ ਰਹੇ ਸੀ। ਫਿਰ ਬਚਨ ਕੀ ਕਰਦੇ ਹਨ ਕਿ ਕਈ ਕਹਿੰਦੇ ਹਨ ਕਿ ਇਹ ਸਾਧ ਕਾਹਦਾ ਹੈ? ਜਿਹੜਾ ਨਗਰ ਵਿੱਚ ਨਹੀਂ ਵੜਦਾ ਸ਼ਹਿਰ ਤੋਂ ਛੁੱਪਦਾ ਫਿਰਦਾ ਹੈ ਔਰ ਦੁਨੀਆਂ ਨੂੰ ਐਨੀ ਤਕਲੀਫ਼ ਹੁੰਦੀ ਹੈ ਇਹਦੇ ਪਾਸ ਆਉਣ ਤੇ। ਉਹ ਜਿਹੜੇ ਬਚਨ ਉਨ੍ਹਾਂ ਨੇ ਕੀਤੇ ਸੀ ਬਾਬਾ ਨੰਦ ਸਿੰਘ ਸਾਹਿਬ ਉਹ ਦੌਹਰਾ ਰਹੇ ਹਨ।

**ਕਹਿਣ ਲੱਗੇ, ਜਿਸ ਤਰ੍ਹਾਂ ਇਕ ਕੁੱਤੇ ਨੂੰ ਕੋਹੜ ਹੋ ਜਾਏ, ਮੂੰਹ ਨੂੰ ਕੋੜ੍ਹ ਹੋ ਗਿਆ ਹੈ, ਉਹ ਆਪਣਾ ਮੂੰਹ ਨਗਰ ਤੋਂ ਛੁਪਾਉਂਦਾ, ਉਹ ਬਾਹਰ ਬੂਝਿਆਂ ਵਿੱਚ ਲੁੱਕਦਾ ਫਿਰਦਾ ਹੈ, ਨਗਰ ਵਿੱਚ ਵੜਦਾ ਹੀ ਨਹੀ, ਮੂੰਹ ਛੁਪਾ ਰਿਹਾ ਹੈ ਬੂਝਿਆਂ ਦੇ ਵਿੱਚ ਬਾਹਰ। ਕਹਿੰਦੇ ਸਾਡੀ ਹਾਲਤ ਉਹੀ ਹੈ ਅਸੀ ਸਾਧ ਕਾਹਦੇ, ਸਾਨੂੰ ਤਾਂ ਵਿਸ਼ੇ ਵਿਕਾਰਾਂ ਦਾ ਕੋੜ੍ਹ ਹੋਇਆ-ਹੋਇਆ ਹੈ ਸਾਡੀ ਉਸ ਕੁੱਤੇ ਵਰਗੀ ਹਾਲਤ ਹੈ ਜਿਹੜਾ ਨਗਰ ਤੋਂ ਬਾਹਰ ਬੂਝਿਆਂ ਵਿੱਚ ਆਪਣਾ ਮੂੰਹ ਛੁਪਾਉਂਦਾ ਫਿਰਦਾ ਹੈ। ਕਹਿਣ ਲੱਗੇ, ਅਸੀ ਨਗਰਾਂ ਤੋਂ ਸ਼ਹਿਰਾਂ ਤੋਂ ਬਾਹਰ ਆਪਣਾ ਮੂੰਹ ਲੁਕਾਉਂਦੇ ਫਿਰਦੇ ਹਾਂ।**

ਜਿਸ ਵਕਤ ਇਹ ਬਚਨ ਕੀਤੇ, ਉਹ ਮੁੰਡਿਆਂ ਦੀਆਂ ਭੁੱਬਾਂ ਨਿਕਲ ਗਈਆਂ ਪਰ ਸਾਧ ਸੰਗਤ ਜੀ, ਉਹ ਉਸ ਵੇਲੇ ਜ਼ਰਾ ਸੋਚ ਕੇ ਦੇਖੋ ਉਹ ਜਿਹੜੀ ਸੰਗਤ ਪੈਦਲ ਜਾਂਦੀ ਸੀ, ਉਹ ਜਿਹੜੇ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨਾਂ ਨੂੰ ਲੋਚਦੇ ਸੀ, ਉਸ ਜੰਗਲ ਦੇ ਵਿੱਚ, ਉਸ ਮਾਇਆ ਦੇ ਸੰਸਾਰ

ਤੋਂ ਬਾਹਰ, ਉਸ ਮਾਇਆ ਦੇ ਜਗਤ ਤੋਂ ਬਾਹਰ ਕਿਹਦੇ ਦਰਸ਼ਨ ਕਰਨ ਜਾਂਦੇ ਸੀ? ਸਾਧ ਸੰਗਤ ਜੀ, ਜ਼ਰਾ ਸੋਚ ਕੇ ਦੇਖੀਏ ਕਿ ਤਿੰਨ ਚੀਜ਼ਾ ਇਹ **'ਹਉਮੈਂ'** ਦਾ ਸਭ ਤੋਂ ਵੱਡਾ ਇਲਾਜ਼, ਇਹਦੀ ਸਭ ਤੋਂ ਵੱਡੀ ਤੋੜ ਕੀ ਹੈ? ਉਹ ਹੈ **'ਨਿਮਰਤਾ ਤੇ ਗਰੀਬੀ'**। ਬਾਬਾ ਨੰਦ ਸਿੰਘ ਸਾਹਿਬ ਦੀ ਨਿਮਰਤਾ ਤੇ ਗਰੀਬੀ ਨੂੰ ਦੇਖੋ ਫਿਰ ਬਾਬਾ ਨੰਦ ਸਿੰਘ ਸਾਹਿਬ ਜਿਸ ਤਰ੍ਹਾਂ ਆਪਣੇ ਉੱਤੇ ਸਾਰੀ ਚੀਜ਼ ਲੈ ਕੇ ਬਿਆਨ ਕਰ ਰਹੇ ਹਨ। ਕੀ ਮਜਾਲ ਹੈ ਕਿਸੇ ਦੂਜੇ ਨੂੰ ਇਹ ਗੱਲ ਕਹਿ ਰਹੇ ਹੋਣ। ਸਾਧ ਸੰਗਤ ਜੀ, ਉਸ ਨਿਮਰਤਾ ਤੇ ਗਰੀਬੀ ਦੇ ਵਿੱਚ ਮਾਇਆ ਜਿਹੜੀ ਉਨ੍ਹਾਂ ਦੇ ਚਰਨ ਕਮਲਾਂ ਦੀ ਸੇਵਾ ਕਰਦੀ ਹੈ ਔਰ ਉਹ ਜਿਹੜਾ ਕਾਲ ਸੇਵਾ ਕਰ ਰਿਹਾ ਹੈ ਸਭ ਕੁਝ ਉਨ੍ਹਾਂ ਦੇ ਚਰਨਾ ਵਿੱਚ ਲਿਪਟਿਆ ਹੋਇਆ ਹੈ। ਇਕ ਤਿੱਲ ਦੀ ਤਮਾ ਨਾਂ ਕਰਨ ਵਾਲੇ ਬਾਬਾ ਨੰਦ ਸਿੰਘ ਸਾਹਿਬ ਉੱਧਰ ਧਿਆਨ ਹੀ ਨਹੀ ਦੇ ਰਹੇ। ਉਹ ਆਪਣੇ ਆਪ ਹੀ ਸੇਵਾ ਕਰੀ ਜਾ ਰਹੇ ਹਨ। ਹੱਥ ਜੋੜੀ ਦਰ ਤੇ ਖੜ੍ਹੇ ਹਨ, ਸੇਵਾ ਕਰ ਰਹੇ ਹਨ। ਪਰ ਧੰਨ ਹਨ ਬਾਬਾ ਨੰਦ ਸਿੰਘ ਸਾਹਿਬ ਜਿਸ ਨਿਮਰਤਾ ਤੇ ਗਰੀਬੀ ਵਿੱਚ ਉਹ ਵਰਤੇ ਹਨ ਸਾਰੀ ਜਿੰਦਗੀ। ਸਾਧ ਸੰਗਤ ਜੀ, **'ਹਉਮੈਂ'** ਦੀ ਸਭ ਤੋ ਵੱਡੀ ਜਿਹੜੀ ਤੋੜ ਹੈ ਉਹ ਨਿਮਰਤਾ ਤੇ ਗਰੀਬੀ ਹੈ ਔਰ ਹੈ ਕਿੱਥੇ? ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਦੀ ਧੂੜ ਦੇ ਵਿੱਚ।

*ਤਪੀ ਤਪੀਸਰ ਆਪਣਾ ਆਪਾ*
*ਤੇਰੇ ਰੰਗ ਵਿਚ ਰੰਗ ਰਹੇ ਨੇ ॥*

*ਕਈ ਫਰਿਸ਼ਤੇ ਤੇਰੇ ਦਰ ਤੋ*
*ਜੂਠੇ ਟੁਕੜੇ ਮੰਗ ਰਹੇ ਨੇ ॥*

ਸੁਰ ਨਰ ਮੁਨ ਜਨ ਦੇਵਤੇ ਤੇਰਾ
ਚਰਨ ਅੰਮ੍ਰਿਤ ਮੰਗ ਰਹੇ ਨੇ ॥

ਵਾਹ ਵਾਹ ਬਾਬਾ ਨੰਦ ਸਿੰਘ ਜੀ
ਤੇਰਾ ਆਉਣਾ ਨਿਆਰਾ ॥

ਗੁਰੂ ਗ੍ਰੰਥ ਤੇ ਘੋਲ ਘੁਮਾਇਆ
ਆਪਣਾ ਜੀਵਨ ਸਾਰਾ ॥

ਧੰਨ ਧੰਨ ਬਾਬਾ ਨੰਦ ਸਿੰਘ ਜੀ,
ਧੰਨ ਹੈ ਤੇਰੀ ਵਡਿਆਈ ॥

ਸੰਗਤ ਗਾਂਉਦੀ ਦੇਵਤੇ ਗਾਂਉਦੇ,
ਗਾਂਉਦੀ ਕੁੱਲ ਖੁਦਾਈ ॥

ਸੁਣੋ ਮੇਰੇ ਵੀਰ ਜੀਓ, ਬਾਬੇ ਨੰਦ ਸਿੰਘ ਜੀ
ਦੀ ਅਮਰ ਕਥਾ ॥

# ਬਾਬਾ ਨੰਦ ਸਿੰਘ ਸਾਹਿਬ ਤੋਂ ਬਾਬਾ ਨੰਦ ਸਿੰਘ ਸਾਹਿਬ ਨੂੰ ਹੀ ਮੰਗਦਾ ਹਾਂ (40 ਸਾਲ ਦਾ ਚਾਲੀਸਾ)

ਬਾਬਾ ਨੰਦ ਸਿੰਘ ਸਾਹਿਬ ਦੇ ਅਤੀ ਨਿਮਰਤਾ ਤੇ ਗਰੀਬੀ ਦੇ ਬਚਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਕਮਲਾਂ ਵਿੱਚ ਲੈ ਗਏ ।

*ਸੁਆਮੀ ਕੋ ਗ੍ਰਿਹੁ ਜਿਉ ਸਦਾ*
*ਸੁਆਨ ਤਜਤ ਨਹੀ ਨਿਤ ॥*

*ਨਾਨਕ ਇਹ ਬਿਧਿ ਹਰਿ ਭਜਉ*
*ਇਕ ਮਨਿ ਹੁਇ ਇਕਿ ਚਿਤਿ ॥*

ਜਿੱਦਾਂ ਆਪਣੇ ਮਾਲਕ ਦਾ ਘਰ ਕੁੱਤਾ ਕਦੀ ਵੀ ਨਹੀਂ ਛੱਡ ਕੇ ਜਾਂਦਾ ਉਸੇ ਤਰ੍ਹਾਂ ਇਕ ਮਨ ਇਕ ਚਿੱਤ ਹੋ ਕੇ ਆਪਣੇ ਮਾਲਕ ਨਾਲ ਪਿਆਰ ਕਰ ਰਿਹਾ ਹੈ ਉਸ ਕੁੱਤੇ ਵਾਕਣ । ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਉਹ ਬਚਨਾਂ ਤੇ ਕੁਰਬਾਨ ਹੋਏ ਫੁਰਮਾਉਂਦੇ ਕੀ ਹਨ? ਗੁਰੂ ਨਾਨਕ ਦਾ ਪਟਾ ਆਪਣੇ ਗਲ ਵਿੱਚ ਪਾ ਲਓ ਸੰਗਤ ਵਿੱਚ ਕਹਿਣਾ । ਉਸ ਵੇਲੇ ਪਤਾ ਲੱਗਿਆ ਕਿ ਬਾਬਾ ਨੰਦ ਸਿੰਘ ਸਾਹਿਬ ਨੇ ਤਾਂ ਉਹ ਪਟਾ ਆਪਣੇ ਗਲ ਵਿੱਚ ਪਾਇਆ ਹੋਇਆ ਸੀ ਤੇ ਸਾਧ ਸੰਗਤ ਜੀ, ਉਸ ਚੀਜ਼ ਤੋਂ ਇਕ ਜੋ ਸਤਿਗੁਰੂ ਦੇ ਨਾਲ ਸਿੱਖ ਦਾ ਰਿਸ਼ਤਾ ਹੈ, ਜੋ ਆਪਣੇ ਇਸ਼ਟ ਨਾਲ ਜੋ ਸੇਵਕ ਦਾ ਰਿਸ਼ਤਾ ਹੈ, ਪਿਤਾ ਜੀ ਨੇ ਜਿਸ ਵਕਤ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ

ਵਿੱਚ ਹਾਜ਼ਰ ਹੋਣਾ, ਇਕ ਹੀ ਬੇਨਤੀ ਕਰਨੀ ਕਿ **ਗਰੀਬ ਨਿਵਾਜ਼! ਆਪਣਾ ਕੁੱਤਾ ਬਣਾ ਲਉ।**

ਉਸ ਦੇ ਬਾਅਦ ਜਿਸ ਵਕਤ ਬਾਬਾ ਜੀ ਖੇਡ ਵਰਤਾ ਗਏ ਹਨ 1943 ਤੋਂ ਲੈ ਕੇ 1983 ਤਕ ਇਕ ਲੰਬਾਂ 40 ਸਾਲ ਦਾ ਚਾਲੀਸਾ ਜਿਸ ਦੇ ਵਿੱਚ ਪਿਤਾ ਜੀ ਨੂੰ ਬਾਬਾ ਨੰਦ ਸਿੰਘ ਸਾਹਿਬ ਦੇ, ਆਪਣੇ ਮਾਲਕ ਦੇ, ਆਪਣੇ ਪ੍ਰੀਤਮ ਦੇ, ਆਪਣੇ ਇਸ਼ਟ ਦੇ ਜਿਸ ਤਰ੍ਹਾਂ ਉਸ ਬਿਰਹਾ ਦੀ ਕੁਠਾਲੀ ਵਿੱਚ ਤੜਪਦੇ ਦੇਖਿਆ ਹੈ, ਜਿਸ ਤਰ੍ਹਾਂ ਉਨ੍ਹਾਂ ਨੂੰ ਪਿਆਰ ਕਰਦੇ ਦੇਖਿਆ ਹੈ ਔਰ ਜਿਸ ਤਰ੍ਹਾਂ ਭਰੀ ਸੰਗਤ ਦੇ ਵਿੱਚ ਆਪਣਾ ਪਰਿਚਯ ਦਿੰਦੇ ਸੀ,

> **ਬਾਬਾ ਨੰਦ ਸਿੰਘ ਸਾਹਿਬ ਦਾ ਕੁੱਤਾ, ਉਨ੍ਹਾਂ ਦੇ ਦਰ ਦਾ ਕੁੱਤਾ, ਉਨ੍ਹਾਂ ਦੀ ਸਾਧ ਸੰਗਤ ਦਾ ਕੁੱਤਾ, ਉਨ੍ਹਾਂ ਦੇ ਕੁੱਤਿਆਂ ਦਾ ਕੁੱਤਾ ਔਰ ਸਲਾਮੀ ਦਿੰਦੇ ਹੋਏ ਇਕ ਹੀ ਬੇਨਤੀ ਕਰਨੀ ਕਿ ਹੇ ਬਾਬਾ ਨੰਦ ਸਿੰਘ ਸਾਹਿਬ ਤੇਰੇ ਦਰ ਦਾ ਕੁੱਤਾ, ਤੇਰਾ ਕੁੱਤਾ, ਤੇਰੀ ਸਾਧ ਸੰਗਤ ਦਾ ਕੁੱਤਾ ਸੱਚੇ ਪਾਤਸ਼ਾਹ ਤੇਰੇ ਕੁੱਤਿਆਂ ਦਾ ਵੀ ਕੁੱਤਾ ਤੇਰੇ ਕੋਲੋਂ ਸਿਰਫ਼ ਇਕ ਹੀ ਚੀਜ਼ ਮੰਗਦਾ ਹੈ ਇਹ ਕੁੱਤਾ ਆਪਣੇ ਮਾਲਕ ਬਗੈਰ ਨਹੀਂ ਜੀਅ ਸਕਦਾ, ਆਪਣਾ ਮਾਲਕ ਹੀ ਮੰਗਦਾ ਹੈ। ਬਾਬਾ ਨੰਦ ਸਿੰਘ ਸਾਹਿਬ ਤੇਰੇ ਕੋਲੋਂ ਬਾਬਾ ਨੰਦ ਸਿੰਘ ਸਾਹਿਬ ਨੂੰ ਹੀ ਮੰਗਦਾ ਹੈ।**

ਸਲਾਮੀ ਦੇ ਵਕਤ ਪਿਤਾ ਜੀ ਦੀ ਇਹ ਕੂਕ ਪੁਕਾਰ ਸੁਣਕੇ ਸੰਗਤ ਵਿੱਚ ਕਈਆਂ ਨੇ ਭੁੱਬਾਂ ਮਾਰ ਕੇ ਰੋਣਾ ਸ਼ੁਰੂ ਕਰ ਦੇਣਾ। ਸਾਧ ਸੰਗਤ ਜੀ, 40 ਸਾਲ ਆਪਣੇ ਮਾਲਕ ਦੇ ਫਿਰ ਚਰਨ ਰੋਜ਼

ਹੰਝੂਆਂ ਨਾਲ ਧੌਂਦੇ ਸੀ, ਇਸ਼ਨਾਨ ਕਰਾਉਂਦੇ ਸੀ ਫਿਰ ਪਾਲਤੂ ਕੁੱਤੇ ਵਾਕਣ ਉਹੀ ਪਟਾ ਗਲੇ ਵਿੱਚ ਹੈ ਤਾਂ ਫਿਰ ਉਨ੍ਹਾਂ ਨੂੰ ਚੱਟ ਕੇ ਸਾਫ਼ ਕਰਨਾ। ਸਾਧ ਸੰਗਤ ਜੀ, ਜਿਸ ਤਰ੍ਹਾਂ ਦਾ ਪਿਆਰ ਕੀਤਾ ਹੈ ਜੋ ਨਿਮਰਤਾ ਤੇ ਗਰੀਬੀ ਦੀ ਅਵਸਥਾ ਜੋ ਪਿਤਾ ਜੀ ਵਿੱਚ ਉਸ ਵੇਲੇ ਆਖਰੀ ਦਮ ਤਕ ਦੇਖੀ ਹੈ ਉਸ ਵੇਲੇ ਇਹ ਪਤਾ ਲਗਦਾ ਹੈ ਕਿ ਬਾਬਾ ਨੰਦ ਸਿੰਘ ਸਾਹਿਬ ਦੇ ਘਰ ਦੀ ਨਿਮਰਤਾ ਤੇ ਗਰੀਬੀ ਦਾ ਪ੍ਰਕਾਸ਼ ਜਿਸ ਦੀ ਮਹਿਕ ਲਈ ਹੈ ਉਨ੍ਹਾਂ ਦੇ ਚਰਨ ਕਮਲਾਂ ਵਿੱਚ ਔਰ ਉਸ ਦੇ ਬਾਅਦ ਪਿਤਾ ਜੀ ਦੀ ਮੌਜੂਦਗੀ ਵਿੱਚ।

**ਸਾਧ ਸੰਗਤ ਜੀ, ਧੰਨ ਹਨ ਪੂਜਿਆ ਪਿਤਾ ਜੀ ਜਿਨ੍ਹਾਂ ਨੇ ਬਾਬਾ ਨੰਦ ਸਿੰਘ ਸਾਹਿਬ ਦੇ ਕੁੱਤਿਆਂ ਨਾਲ ਵੀ ਆਪਣੀ ਤੁੱਲਣਾ ਨਹੀਂ ਕੀਤੀ।**

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਣੀ ਲਾਗੈ ਤਾ ਮਹਲੁ ਪਾਵੈ ॥*
*ਸਦ ਹੀ ਨਿਰਮਲੁ ਸਹਜਿ ਸਮਾਵੈ ॥*

**ਗੁਰੂ ਨਾਨਕ ਦਾਤਾ ਬਖਸ਼ ਲੈ।**
**ਬਾਬਾ ਨਾਨਕ ਬਖਸ਼ ਲੈ ॥**